بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 11.03.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਹਰ ਅਜਿਹੀ ਚੀਜ਼ ਜੋ ਰੱਬ ਨੂੰ ਪਸੰਦ ਨਹੀਂ ਹੈ ਉਹ ਇਨਕਾਰ ਹੈ ਜੱਦ ਤੱਕ ਭੈੜੇ ਆਚਰਣਾ ਨੂੰ ਨ ਛੱਡਿਆ ਜਾਵੇ ਮਨ ਨੂੰ ਕਦੋਂ ਸ਼ਾਂਤੀ ਹਾਸਲ ਹੋ ਸਕਦੀ ਹੈ । ਹਰ ਇਕ ਮਨੁੱਖ ਵਿੱਚ ਕਿਸੇ ਨ ਕਿਸੇ ਬੁਰਾਈ ਦਾ ਮਾਦਾ ਹੁੰਦਾ ਹੈ ਉਹ ਮਨੁੱਖ ਦਾ ਸ਼ੈਤਾਨ ਹੁੰਦਾ ਹੈ ਜੱਦ ਤੱਕ ਉਸ ਨੂੰ ਨ ਮਾਰੇ ਕੰਮ ਬਣ ਨਹੀਂ ਸਕਦਾ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 11 ਮਾਰਚ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਹੇਠ ਲਿਖੀ ਕੁਰਆਨ ਕਰੀਮ ਦੀ ਆਇਤ ਦੀ ਤਲਾਵਤ ਫ਼ਰਮਾਈ :

(یٰۤاَیُّہَا الَّذِیۡنَ اٰمَنُوۡا لَا تَتَّبِعُوۡا خُطُوٰتِ الشَّیۡطٰنِ ؕ وَمَنۡ یَّتَّبِعۡ خُطُوٰتِ الشَّیۡطٰنِ فَاِنَّہٗ یَاۡمُرُ بِالۡفَحۡشَآءِ وَالۡمُنۡکَرِ ؕ وَلَوۡلَا فَضۡلُ اللّٰہِ عَلَیۡکُمۡ وَرَحۡمَتُہٗ مَا زَکٰی مِنۡکُمۡ مِّنۡ اَحَدٍ اَبَدًا ۙ وَّلٰکِنَّ اللّٰہَ یُزَکِّیۡ مَنۡ یَّشَآءُ ؕ وَاللّٰہُ سَمِیۡعٌ عَلِیۡمٌ ﴿۲۱﴾ النور:۲۱)

ਯਾ ਅੱਯੋਹਲੱਜ਼ੀਨਾ ਆਮਾਨੂ ਲਾ ਤਤੱਾਬਿਊ ਖ਼ੁਤੁਵਾਤਿਸ਼ ਸ਼ੈਤਾਨਿ, ਵਮੰਯ ਯਤੱਾਬਿ ਖ਼ੁਤੁਵਾਤਿਸ਼ ਸ਼ੈਤਾਨਿ ਫ਼ ਇਨੱਾਹੂ ਯਾਮੁਰੁ ਬਿਲ ਫ਼ਾਹਸ਼ਾਇ ਵਲ ਮੁਨਕਰਿ, ਵਲੌ ਲਾ ਫ਼ਜ਼ਲੁਲੱਾਹਿ ਅਲਲੈਕੁਮ ਵ ਰਹਮਾਤੁਹੂ ਮਾ ਜ਼ਕਾ ਮਿਨਕੁਮ ਮਿਨ ਆਹਾਦਿਨ ਆਬਾਦੰਵ ਵਲਾਕਿਨੱਲਾਹਾ ਯੁਜ਼ੱਕੀ ਮੰਯੱਸ਼ਾਉ, ਵਲੱਾਹੁ ਸਮੀਉਨ ਅਲੀਮ 0 (ਸੂਰਤ ਨੂਰ-21)

ਇਸ ਆਇਤ ਦਾ ਅਰਥ ਹੈ ਕਿ ਹੇ ਲੋਕੋ ! ਜੋ ਈਮਾਨ ਲਿਆਏ ਹੋ ਸ਼ੈਤਾਨ ਦੇ ਪਦਚਿੰਨ੍ਹਾ ਉਪੱਰ ਨ ਚੱਲੋ । ਅਤੇ ਜੋ ਕੋਈ ਸ਼ੈਤਾਨ ਦੇ ਪਦਚਿੰਨ੍ਹਾਂ ਉਪੱਰ ਚੱਲਦਾ ਹੈ ਤਾਂ ਉਹ ਨਿਸ਼ਚੇ ਹੀ ਬੇ ਹਿਯਾਈ ਤੇ ਅਣਉਚਿਤ ਗੱਲਾਂ ਦੇ ਹੁਕਮ ਦਿੰਦਾ ਹੈ ਅਤੇ ਜੇਕਰ ਰੱਬ ਦੀ ਮਿਹਰ ਅਤੇ ਉਸ ਦੀ ਰਹਮਤ ਤੁਹਾਡੇ ਉਪੱਰ ਨ ਹੋਵੇ ਤਾਂ ਤੁਹਾਡੇ ਵਿੱਚੋਂ ਕੋਈ ਇਕ ਵੀ ਪਾਕ ਨਹੀਂ ਹੋ ਸਕਦਾ । ਪਰ ਰੱਬ ਜਿਸ ਨੂੰ ਚਾਹੁੰਦਾ ਹੈ ਪਾਕ ਕਰ ਦਿੰਦਾ ਹੈ ਅਤੇ ਅਲੱਾਹ ਬਹੁਤ ਸੁਨਣ ਵਾਲਾ ਅਤੇ ਸਦੈਵੀ ਗਿਆਨ ਰਖੱਣ ਵਾਲਾ ਹੈ ।

ਸ਼ੈਤਾਨ ਆਦਿ ਤੋਂ ਮਨੁੱਖ ਦਾ ਵੈਰੀ ਹੈ ਅਤੇ ਹਮੇਸ਼ਾ ਰਹੇਗਾ । ਇਹ ਇਸ ਲਈ ਨਹੀਂ ਕਿ ਉਸ ਵਿੱਚ ਕੋਈ ਸ਼ਕਤੀ ਹੈ ਸਦਾ ਰਹਿਣ ਦੀ ਸਗੋਂ ਇਸ ਲਈ ਹੈ ਕਿ ਮਨੁੱਖ ਦੇ ਪੈਦਾ ਹੋਣ'ਤੇ ਰੱਬ ਨੇ ਇਹ ਅਧਿਕਾਰ ਦਿਤੱਾ ਸੀ ਕਿ ਉਹ ਸੁਤੰਤਰ ਹੈ, ਕਿਉਕਿ ਰੱਬ ਜਾਣਦਾ ਸੀ ਕਿ ਉਸ ਦੇ ਬੰਦੇ ਸ਼ੈਤਾਨ ਦੇ ਹਮਲਿਆਂ ਤੋਂ ਸੁਰੱਖਿਅਤ ਰਹਿਣਗੇ । ਸ਼ੈਤਾਨ ਦੀ ਇਹ ਦੁਸ਼ਮਣੀ ਕੋਈ ਖੁੱਲੀ ਦੁਸ਼ਮਣੀ ਨਹੀਂ ਕਿ ਸਾਹਮਣੇ ਆਣਕੇ ਲੜ ਰਿਹਾ ਹੈ ਸਗੋਂ ਵੱਖ ਵੱਖ ਹੁਜੱਤਾਂ ਤੇ ਬਹਾਨਿਆਂ ਤੇ ਮਕਰੂਹ ਧੋਖਿਆਂ ਨਾਲ ਸੰਸਾਰਕ ਲੋਭ ਰਾਹੀਂ ਮਨੁੱਖ ਦੀਆਂ ਭਾਵਨਾਵਾਂ ਨੂੰ ਉਭਾਰਦਿਆਂ ਹੋਇਆਂ ਮਨੁੱਖ ਨੂੰ ਨੇਕੀ ਦੇ ਕੰਮਾ ਤੋਂ ਦੂਰ ਲੈ ਜਾਂਦਾ ਹੈ ਅਤੇ ਬੁਰਾਈਆਂ ਦੇ ਨੇੜੇ ਕਰ ਦਿੰਦਾ ਹੈ । ਸ਼ੈਤਾਨ ਨੇ ਰੱਬ ਨੂੰ ਕਿਹਾ ਸੀ ਕਿ ਜਿਸ ਸੁਭਾਵ ਨਾਲ ਤੂੰ ਮਨੁੱਖ ਨੂੰ ਪੈਦਾ ਕੀਤਾ ਹੈ ਜਿਵੇਂ ਉਸ ਦਾ ਸੁਭਾਵ ਹੈ ਇਹ ਦੋਵੇਂ ਪਾਸੇ ਮੁੜ ਸਕਦਾ ਹੈ । ਇਸ ਨੂੰ ਮੈਂ ਆਪਣੇ ਪਿੱਛੇ ਚਲਾਵਾਂਗਾ ਕਿਉਂਕਿ ਬੁਰਾਈਆਂ ਵੱਲ ਇਸ ਦਾ ਬਹੁਤਾ ਧਿਆਨ

ਹਹੋਵੇਗਾ । ਜੇਕਰ ਤੂੰ ਮੈਂਨੂੰ ਅਗਿਆ ਦੇਵੇਂ ਤਾਂ ਮੈਂ ਇਸ'ਤੇ ਹਰ ਮਾਰਗ ਤੋਂ ਹਮਲਾ ਕਰਾਂਗਾ । ਹਰ ਮਾਰਗ ਵਿੱਚ ਇਸ ਨੂੰ ਭਰਮਾਵਾਂਗਾ ਅਤੇ ਸਿਵਾਏ ਉਹ ਜੋ ਤੇਰੇ ਹਕੀਕੀ ਬੰਦੇ ਹਨ, ਖ਼ਾਲਸ ਬੰਦੇ ਹਨ । ਉਹ ਤਾਂ ਮੇਰੇ ਹਮਲੇ ਤੋਂ ਬਚਣਗੇ, ਉਹਨਾਂ'ਤੇ ਤਾਂ ਮੇਰਾ ਕੋਈ ਮਕਰ (ਧੋਖਾ) ਕੋਈ ਹਮਲਾ ਕੰਮ ਨਹੀਂ ਕਰੇਗਾ । ਇਹਨਾਂ ਤੋਂ ਬਿਨਾ ਉਹ ਬਹੁਤੇ ਜੋ ਮੇਰੇ ਪਦ ਚਿੰਨ੍ਹਾ ਉਪੱਰ ਚਲੱਣਗੇ । ਰੱਬ ਨੇ ਇਸ ਨੂੰ ਆਗਿਆ ਦੇ ਦਿੱਤੀ ਅਤੇ ਨਾਲ ਹੀ ਇਹ ਕਹਿ ਦਿੱਤਾ ਕਿ ਜੋ ਤੇਰੇ ਪਿੱਛੇ ਚਲੱਣ ਵਾਲੇ ਹੋਣਗੇ ਉਹਨਾਂ ਨੂੰ ਮੈਂ ਨਰਕ ਵਿੱਚ ਪਾਵਾਂਗਾ ਪਰ ਨਾਲ ਹੀ ਰੱਬ ਨੇ ਆਪਣੇ ਨਬੀਆਂ (ਅਵਤਾਰਾਂ) ਨੂੰ ਭੇਜਣ ਦੀ ਵਿਵਸਥਾ ਅਰੰਭ ਕਰਕੇ ਮਨੁੱਖਾਂ ਨੂੰ ਨੇਕੀਆਂ ਦੇ ਮਾਰਗ ਵੀ ਦੱਸੇ । ਉਹਨਾਂ ਦੇ ਸੁਧਾਰ ਦੇ ਤਰੀਕੇ ਵੀ ਦੱਸੇ । ਉਹਨਾਂ ਨੂੰ ਆਪਣੀ ਦੁਨੀਆ ਅਤੇ ਆਖ਼ਰਤ ਸੁਧਾਰਣ ਦੇ ਢੰਗ ਤੇ ਸਾਧਨ ਵੀ ਦੱਸੇ । ਕੁਰਆਨ ਕਰੀਮ ਵਿੱਚ ਅਨੇਕਾਂ ਥਾਈਂ ਰੱਬ ਨੇ ਸਾਨੂੰ ਸ਼ੈਤਾਨ ਦੇ ਹਮਲਿਆਂ ਅਤੇ ਉਸ ਦੀਆਂ ਹੁਜੱਤਾਂ ਤੇ ਮਕਰੂਹ ਭਰਮਾ ਤੋਂ ਹੁਸ਼ਿਆਰ ਕੀਤਾ ਹੈ । ਇਸ ਆਇਤ ਵਿੱਚ ਵੀ ਜੋ ਮੈਂ ਹੁਣੇ ਪੜ੍ਹੀ ਹੈ ਅਲੱਾਹ ਤਆਲਾ ਨੇ ਇਹੋ ਦੱਸਿਆ ਹੈ । ਰੱਬ ਨੇ ਇਸ ਆਇਤ ਦੇ ਅਖੀਰ ਵਿੱਚ ਮੋਮਿਨਾਂ ਨੂੰ ਇਹਨਾਂ ਸ਼ਬਦਾਂ ਨਾਲ ਤਸੱਲੀ ਦਿੱਤੀ ਹੈ ਕਿ ਰੱਬ ਬਹੁਤ ਦੇ ਦੇਖਣ ਵਾਲਾ ਤੇ ਸੁਨਣ ਵਾਲਾ ਹੈ । ਸੋ, ਉਸ ਦੇ ਦਰ ਨੂੰ ਖੜਕਾਓ ਅਤੇ ਉਸ ਨੂੰ ਪੁਕਾਰੋ ਅਤੇ ਪੱਕੇ ਨਿਸ਼ਚੇ ਨਾਲ ਉਸ ਨੂੰ ਪੁਕਾਰੋ । ਉਸ ਦੀ ਹਜ਼ੂਰੀ ਵਿੱਚ ਨਿਰੰਤਰ ਦੁਆਵਾਂ ਕਰਦਿਆਂ ਹੋਇਆਂ ਝੁਕੇ ਰਹੋ ਤਾਂ ਉਹ ਰੱਬ ਜੋ ਜਾਨਣਹਾਰ ਵੀ ਹੈ ਆਪਣੇ ਬੰਦਿਆਂ ਦੀਆਂ ਅਵਸਥਾ ਨੂੰ ਜਾਣਦਾ ਹੈ ਜੱਦ ਉਹ ਦੇਖੇਗਾ ਕਿ ਮੇਰਾ ਬੰਦਾ ਵਾਸਤਵ ਵਿੱਚ ਖ਼ਾਲਸ ਹੋਕੇ ਮੈਂਨੂੰ ਪੁਕਾਰ ਰਿਹਾ ਹੈ ਤਾਂ ਫਿਰ ਰੱਬ ਅਜਿਹੇ ਮੋਮਿਨ ਦੇ ਮਨ ਵਿੱਚ ਅਜਿਹੀ ਆਸਥਾ ਦੀ ਸ਼ਕਤੀ ਪੈਦਾ ਕਰ ਦੇਵੇਗਾ ਜਿਸ ਤੋਂ ਉਹ ਸ਼ੈਤਾਨ ਦੇ ਹਮਲਿਆਂ ਤੋਂ ਸੁਰੱਖਿਅਤ ਹੋ ਜਾਵੇਗਾ । ਨੇਕੀਆਂ ਦਾ ਮਿਆਰ ਬੁਲੰਦ ਤੋਂ ਬੁਲੰਦ ਕਰਨ ਦਾ ਸੰਜੋਗ ਪ੍ਰਾਪਤ ਹੋ ਜਾਵੇਗਾ ਅਤੇ ਬੁਰਾਈਆਂ ਤੋਂ ਬਚਨ ਦੀ ਉਸ ਵਿੱਚ ਸ਼ਕਤੀ ਪੈਦਾ ਹੋ ਜਾਵੇਗੀ ।

ਖ਼ਾਲਸ ਬੰਦਾ ਬਣਨ ਲਈ ਰੱਬ ਨੇ ਇਸ ਆਇਤ ਵਿੱਚ ਇਹ ਨੁਸਖ਼ਾ ਦੱਸਿਆ ਹੈ ਕਿ 'ਫ਼ਹਸ਼ਾ' (ਬੁਰਾਈ) ਤੇ 'ਮੁਨਕਰ' (ਇਨਕਾਰ) ਅਰਥਾਤ ਹਰ ਅਜਿਹੀ ਗੱਲ ਤੋਂ ਆਪਣੇ ਆਪ ਨੂੰ ਬਚਾਓ ਜੋ ਭੈੜੀ ਤੇ ਵਿਅਰਥ ਹੈ ਜੋ ਰੱਬ ਨੂੰ ਪਸੰਦ ਨਹੀਂ ਅਤੇ ਜੋ ਬੁਰਾਈ ਤੇ ਇਨਕਾਰ ਤੋਂ ਬਚੇਗਾ ਰੱਬ ਦੀ ਰਹਮਤ ਉਸ ਦੀ ਸ਼ੁਧੱਤਾ ਕਰੇਗੀ ਅਤੇ ਜਿਸ ਦਾ ਰੱਬ ਸ਼ੋਧਨ ਕਰ ਦੇਵੇ ਉਹ ਪਾਕ ਹੋ ਜਾਂਦਾ ਹੈ ਅਤੇ ਅਜਿਹੇ ਪਾਕ ਲੋਕਾਂ ਕੋਲ ਫਿਰ ਸ਼ੈਤਾਨ ਨਹੀਂ ਆਉਂਦਾ । ਇਹ ਗੱਲ ਵੀ ਚੇਤੇ ਰਖੱਣੀ ਚਾਹੀਦੀ ਹੈ ਕਿ ਸ਼ੈਤਾਨ ਦਾ ਹਮਲਾ ਇਕ ਦਮ ਨਹੀਂ ਹੁੰਦਾ । ਉਹ ਹੋਲੀ ਹੋਲੀ ਹਮਲਾ ਕਰਦਾ ਹੈ । ਕੋਈ ਨਿੱਕੀ ਜਿਹੀ ਬੁਰਾਈ ਮਨੁੱਖ ਦੇ ਮਨ ਵਿੱਚ ਪਾਕੇ ਇਹ ਵਿਚਾਰ ਪੈਦਾ ਕਰ ਦਿੰਦਾ ਹੈ ਕਿ ਇਸ ਨਿੱਕੀ ਜਿਹੀ ਬੁਰਾਈ ਨਾਲ ਕੀ ਫ਼ਰਕ ਪੈਂਦਾ ਹੈ । ਇਹ ਕਿਹੜਾ ਵਡੱਾ ਪਾਪ ਹੈ । ਫਿਰ ਇਹ ਨਿੱਕੀਆਂ ਨਿੱਕੀਆਂ ਬੁਰਾਈਅਆਂ ਵੱਡੇ ਪਾਪਾਂ ਨੂੰ ਉਜਾਗਰ ਕਰਨ ਦਾ ਸਾਧਨ ਬਣ ਜਾਂਦੀਆਂ ਹਨ । ਜ਼ਰੂਰੀ ਨਹੀਂ ਕਿ ਡਾਕਾ ਤੇ ਕਤਲ ਹੀ ਵੱਡੇ ਪਾਪ ਹਨ ਕੋਈ ਵੀ ਬੁਰਾਈ ਜੱਦ ਸਮਾਜ ਦਾ ਅਮਨ ਤੇ ਸ਼ਾਂਤੀ ਬਰਬਾਦ ਕਰੇ ਉਹ ਵੱਡੀ ਬੁਰਾਈ ਬਣ ਜਾਂਦੀ ਹੈ । ਮਨੁੱਖ ਦਾ ਇਹ ਅਹਿਸਾਸ ਮਿਟ ਜਾਂਦਾ ਹੈ ਕਿ ਉਹ ਕੀ ਕਰ ਰਿਹਾ ਹੈ । ਕਈ ਲੋਕਾ ਦੇ ਮਨ ਵਿੱਚ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਰੱਬ ਨੇ ਸ਼ੈਤਾਨ ਨੂੰ ਬਣਾਇਆ ਕਿਉਂ । ਪਹਿਲੇ ਦਿਨ ਹੀ ਉਸ ਪ੍ਰਵਾਨਗੀ'ਤੇ ਉਸ ਨੂੰ ਦੰਡ ਦੇਕੇ ਖ਼ਤਮ ਕਿਉਂ ਨਹੀਂ ਕਰ ਦਿਤੱਾ । ਜੇਕਰ ਪਹਿਲੇ ਦਿਨ ਹੀ ਸ਼ੈਤਾਨ ਨੂੰ ਖ਼ਤਮ ਕਰ ਦਿਤੱਾ ਜਾਂਦਾ ਤਾਂ ਦੁਨੀਆ ਵਿੱਚ ਫ਼ਸਾਦ ਹੀ ਨ ਹੁੰਦੇ । ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ । ਇਹ ਗੱਲ ਹਰ ਇਕ ਨੂੰ ਮਨ੍ਹਣੀ ਪੈਂਦੀ ਹੈ ਕਿ ਹਰ ਮਨੁੱਖ ਲਈ ਦੋ ਆਕਰਸ਼ਣ ਹਨ ਅਰਥਾਤ ਖਿਚੱਣ ਵਾਲੀਆਂ ਚੀਜ਼ਾਂ ਹਨ ਇਕ ਆਕਰਸ਼ਣ ਚੰਗਿਆਈ ਹੈ ਜੋ ਨੇਕੀ ਵੱਲ ਖਿਚੱਦਾ ਹੈ ਅਤੇ ਦੂਜਾ ਆਕਰਸ਼ਣ ਬੁਰਾਈ ਹੈ ਜੋ ਬਦੀ ਵੱਲ ਖਿਚੱਦਾ ਹੈ ਜਿਵੇਂ ਕਿ ਇਹ ਗੱਲ ਦੇਖੀ ਪਰਖੀ ਹੈ ਕਿ ਕਈ ਵਾਰ ਮਨੁੱਖ ਦੇ ਮਨ ਵਿੱਚ ਬਦੀ ਦੇ ਵਿਚਾਰ ਪੈਂਦੇ ਹਨ ਅਤੇ ਉਸ ਸਮੇਂ ਉਹ ਬਦੀ ਵੱਲ ਅਜਿਹਾ ਪ੍ਰੇਰਤ ਹੁੰਦਾ ਹੈ ਕਿ ਸੰਭਵਤਾ ਉਸ ਨੂੰ ਕੋਈ ਬਦੀ ਵੱਲ ਖਿੱਚ ਰਿਹਾ ਹੈ ਅਤੇ ਫਿਰ ਕਈ ਵਾਰ ਨੇਕੀ ਦੇ ਵਿਚਾਰ ਉਸ ਦੇ ਮਨ ਵਿੱਚ ਪੈਂਦੇ ਹੁੰਦੇ ਹਨ ਅਤੇ ਉਸ ਸਮੇਂ ਉਹ ਨੇਕੀ ਵੱਲ ਅਜਿਹਾ ਆਕ੍ਰਸ਼ਤ ਹੁੰਦਾ ਹੈ ਕਿ ਸੰਭਵਤਾ ਉਸ ਨੂੰ ਕੋਈ ਨੇਕੀ ਵੱਲ ਖਿੱਚ ਰਿਹਾ ਹੈ ਅਤੇ ਕਈ ਵਾਰ ਕੋਈ ਮਨੁੱਖ ਬਦੀ

ਕਰਕੇ ਫਿਰ ਨੇਕੀ ਵੱਲ ਝੁਕਦਾ ਅਤੇ ਅਤਿ ਦਾ ਪਛਤਾਵਾ ਹੁੰਦਾ ਹੈ ਕਿ ਮੈਂ ਭੈੜਾ ਕੰਮ ਕੀਤਾ ਅਤੇ ਕਦੇ ਅਜਿਹਾ ਵੀ ਹੁੰਦਾ ਹੈ ਕਿ ਇਕ ਮਨੁੱਖ ਕਿਸੇ ਨੂੰ ਗਾਲ੍ਹਾਂ ਕਢੱਦਾ ਹੈ ਅਤੇ ਮਾਰਦਾ ਹੈ ਅਤੇ ਫਿਰ ਪਛਤਾਉਂਦਾ ਹੈ ਅਤੇ ਮਨ ਵਿੱਚ ਕਹਿੰਦਾ ਹੈ ਕਿ ਇਹ ਕੰਮ ਮੈਂ ਅਜਾਈਂ ਹੀ ਕੀਤਾ ਅਤੇ ਉਸ ਨਾਲ ਕੋਈ ਨੇਕ ਸੁਲੂਕ ਕਰਦਾ ਜਾਂ ਮੁਆਫ਼ੀ ਮੰਗਦਾ ਹੈ ।

ਇਹ ਦੋਵੇਂ ਸ਼ਕਤੀਆਂ ਜੋ ਹਰ ਮਨੁੱਖ ਵਿੱਚ ਮੌਜੂਦ ਹਨ ਭਾਵੇਂ ਤੁਸੀਂ ਇਹਨਾਂ ਨੂੰ ਦੋ ਸ਼ਕਤੀਆਂ ਕਹੋ ਜਾਂ ਰੂਹੁਲਕੁਦੁਸ (ਪਵਿੱਤਰ ਆਤਮਾ) ਤੇ ਸ਼ੈਤਾਨ ਦਾ ਨਾਂ ਰੱਖੋ । ਪਰ ਬਹਿਰਹਾਲ ਤੁਸੀਂ ਇਹਨਾਂ ਦੋ ਅਵਸਥਾਵਾਂ ਦੇ ਵੂਜੂਦ ਤੋਂ ਇਨਕਾਰ ਨਹੀਂ ਕਰ ਸਕਦੇ ਅਤੇ ਇਹਨਾ ਦੇ ਪੈਦਾ ਕਰਨ ਦਾ ਉਦੇਸ਼ ਇਹ ਹੈ ਕਿ ਮਨੁੱਖ ਆਪਣੇ ਨੇਕ ਕਰਮਾ ਤੋਂ ਚੰਗਾ ਵਟਾਂਦਰਾ ਪਾਉਣ ਦਾ ਅਧਿਕਾਰੀ ਬਣ ਸਕੇ ਕਿਉਂਕਿ ਮਨੁੱਖ ਦਾ ਸੁਭਾਵ ਇਹੋ ਜਿਹਾ ਹੈ ਕਿ ਉਹ ਬਹਿਰਹਾਲ ਨੇਕ ਕੰਮ ਕਰਨ ਲਈ ਮਜਬੂਰ ਹੁੰਦਾ ਹੈ ਅਤੇ ਬਦੀ ਦਾ ਕੰਮ ਕਰਨ ਲਈ ਸੁਭਾਵਕ ਹੀ ਉਚਾਟ ਹੁੰਦਾ ਹੈ ਤਾਂ ਫਿਰ ਉਸ ਅਵਸਥਾ ਵਿੱਚ ਨੇਕ ਕੰਮ ਦਾ ਇਕ ਰਤਾ ਵੀ ਉਸ ਨੂੰ ਪੁੰਨ ਨ ਹੁੰਦਾ ਕਿਉਂਕਿ ਉਹ ਉਸ ਦੇ ਸੁਭਾਵ ਦਾ ਖ਼ਾਸਾ ਹੁੰਦਾ, ਪਰ ਇਸ ਅਵਸਥਾ ਵਿੱਚ ਕਿ ਉਸ ਦਾ ਸੁਭਾਵ ਦੋ ਆਕਰਸ਼ਣਾ ਵਿਚਕਾਰ ਹੈ ਅਤੇ ਉਹ ਨੇਕੀ ਦੇ ਆਕਰਸ਼ਣ ਦੀ ਆਗਿਆਕਾਰੀ ਕਰਦਾ ਹੈ, ਉਸ ਨੂੰ ਉਸ ਦਾ ਪੁੰਨ੍ਹ ਮਿਲ ਜਾਂਦਾ ਹੈ ।

ਹੁਣ ਫ਼ਰਮਾਇਆ ਕਿ ਬੇਸ਼ਕ ਮਨੁੱਖ ਦੇ ਦਿਲ ਵਿੱਚ ਦੋ ਪ੍ਰਕਾਰ ਦੀਆਂ ਪ੍ਰੇਰਨਾਵਾਂ ਹੁੰਦੀਆਂ ਹਨ । ਨੇਕੀ ਦੀ ਪ੍ਰੇਰਨਾ ਅਤੇ ਬਦੀ ਦੀ ਪ੍ਰੇਰਨਾ । ਹੁਣ ਪ੍ਰਗਟ ਹੈ ਕਿ ਇਹ ਦੋਵੇਂ ਪ੍ਰੇਰਨਾਵਾਂ ਮਨੁੱਖ ਦੀ ਪੈਦਾਇਸ਼ ਦਾ ਅੰਗ ਨਹੀਂ ਹੋ ਸਕਦੀਆਂ । ਫਿਰ ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਕਿ ਕਿਹੜੀਆਂ ਚੀਜਾ ਹਨ ਜਿੰਨ੍ਹਾ ਵੱਲ ਸ਼ੈਤਾਨ ਬੁਲਾਉਂਦਾ ਹੈ । ਕਿਹੜੇ ਮਨੁੱਖ ਸ਼ੈਤਾਨ ਦੇ ਪੈਰ੍ਹਾਂ ਪਿੱਛੇ ਚਲੱਣ ਵਾਲੇ ਹਨ ਅਤੇ ਕਿਹੜੀਆਂ ਚੀਜ਼ਾ ਹਨ ਜਿੰਨ੍ਹਾ ਨੂੰ ਪ੍ਰਾਪਤ ਕਰਕੇ ਮਨੁੱਖ ਸ਼ੈਤਾਨ ਦੇ ਪੈਰ੍ਹਾਂ ਪਿੱਛੇ ਚਲੱਣ ਤੋਂ ਬਚਦਾ ਹੈ । ਇ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਸ਼ਤਾਨ ਝੂਠ, ਜ਼ੁਲਮ, ਭਾਵਨਾਤਮਕ ਦਿਖਾਵਾ ਅਤੇ ਹੰਕਾਰ ਵੱਲ ਬੁਲਾਉਂਦਾ ਹੈ ਅਤੇ ਦਾਅਵਤ ਦਿੰਦਾ ਹੈ । ਇਸ ਦੇ ਮੁਕਾਬਲੇ ਵਿੱਚ ਉੱਚ ਆਚਰਣ, ਸਬਰ, ਸੰਤੋਖ, ਰੱਬ ਦੇ ਮਾਰਗ ਵਿੱਚ ਫ਼ਨਾ ਹੋਣਾ, ਆਚਰਣ ਤੇ ਈਮਾਨ (ਆਸਥਾ) ਵਿੱਚ ਸਫ਼ਲ ਹੋਣਾ ਇਹ ਰੱਬ ਦੀਆਂ ਦਾਅਵਤਾਂ (ਨਿਮੰਤਰਣ) ਹਨ । ਇਕ ਪਾਸੇ ਸ਼ੈਤਾਨ ਸਦੱਾ ਦੇ ਰਿਹਾ ਹੈ ਦੂਜੇ ਪਾਸੇ ਰੱਬ ਸਦੱਾ ਦੇ ਰਿਹ ਹੈ ਇਹਨ ਨੇਕੀਆਂ ਦੀ । ਮਨੁੱਖ ਇਹਨਾਂ ਦੋਹਾਂ ਆਕਰਸ਼ਣਾ ਵਿੱਚ ਘਿਰਿਆਂ ਹੋਇਆ ਹੈ ਅਰਥਾਤ ਦੋਹਾਂ ਪ੍ਰਕਾਰ ਦੀਆਂ ਖਿਚੱਾਂ ਹਨ ਇਹ ਖਿਚੱਣ ਵਾਲੀਆਂ ਚੀਜਾਂ ਹਨ ਇਹਨਾਂ ਦੋਹਾਂ ਵਿੱਚ ਪਿਆ ਹੋਇਆ ਹੈ ਫਿਰ ਜਿਸ ਦਾ ਸੁਭਾਵ ਨੇਕ ਹੈ ਅਤੇ ਨੇਕੀ ਦਾ ਮਾਦਾ ਉਸ ਵਿੱਚ ਰੱਖਿਆ ਹੋਇਆ ਹੈ ਉਹ ਸ਼ੈਤਾਨ ਦੀਆਂ ਹਜ਼ਾਰਾਂ ਦਾਅਵਤਾਂ (ਸੱਦਿਆਂ) ਤੇ ਭਾਵਨਾਵਾਂ ਦੇ ਹੁੰਦਿਆਂ ਹੋਇਆਂ ਵੀ ਇਸ ਨੇਕ ਸੁਭਾਵ ਤੇ ਸਲਾਮਤੀ ਦੇ ਮਾਦੇ ਦੀ ਬਰਕਤ ਕਰਕੇ ਰੱਬ ਉਸ ਨੂੰ ਫਿਰ ਉਨ੍ਹਾ ਸੰਜੋਗ ਦਿੰਦਾ ਹੈ ਕਿ ਉਹ ਸ਼ੈਤਾਨ ਵੱਲ ਦੌੜਨ ਦੀ ਥਾਂ ਰੱਬ ਵੱਲ ਦੌੜਦਾ ਹੈ ਅਤੇ ਰੱਬ ਵਿੱਚ ਹੀ ਆਪਣਾ ਆਸਰਾ, ਰਾਹਤ, ਤਸੱਲੀ ਤੇ ਸਕੂਨ ਪ੍ਰਾਪਤ ਕਰਦਾ ਹੈ ।

ਫਿਰ ਆਪ ਨੇ ਫ਼ਰਮਾਇਆ ਕਿ ਹਰ ਚੀਜ ਲਈ ਨਿਸ਼ਾਨੀਆਂ ਅਵਸ਼ ਹੁੰਦੀਆਂ ਹਨ । ਜੱਦ ਤੱਕ ਉਸ ਵਿੱਚ ਉਹ ਨਿਸ਼ਾਨੀਆਂ ਨ ਪਾਈਆਂ ਜਾਣ ਉਹ ਵਿਸ਼ਵਸਨੀ ਨਹੀਂ ਹੋ ਸਕਦੀਆਂ । ਇਸੇ ਪ੍ਰਕਾਰ ਈਮਾਨ (ਆਸਥਾ) ਦੀਆਂ ਨਿਸ਼ਾਨੀਆਂ ਹਨ । ਇਹ ਸੱਚੀ ਗੱਲ ਹੈ ਕਿ ਜੱਦ ਈਮਾਨ ਮਨੁੱਖ ਦੇ ਅੰਦਰ ਦਾਖ਼ਲ ਹੁੰਦਾ ਹੈ ਤਾਂ ਉਸ ਦੇ ਨਾਲ ਹੀ ਰੱਬ ਦਾ ਸਨਮਾਨ ਤੇ ਅਜ਼ਮਤ ਅਰਥਾਤ ਜਲਾਲ, ਪਵਿੱਤਰਤਾ ਤੇ ਵੱਡਿਆਈ ਅਤੇ ਸਭ ਤੋਂ ਵਧੱਕੇ 'ਲਾ ਇਲਾਹਾ ਇਲਲੱਾਹੁ' ਦਾ ਭਾਵਅਰਥ ਦਾਖ਼ਲ ਹੋ ਜਾਂਦਾ ਹੈ । ਇੱਥੋਂ ਤੱਕ ਕਿ ਰੱਬ ਉਸ ਦੇ ਅੰਦਰ ਵੱਸੋਂ ਧਾਰਨ ਕਰ ਲੈਂਦਾ ਹੈ ਅਤੇ ਸ਼ੈਤਾਨੀ ਜੀਵਨ ਉਪੱਰ ਇਕ ਮੌਤ ਛਾ ਜਾਂਦੀ ਹੈ ਅਤੇ ਪਾਪਾਂ ਦੀ ਭਾਵਨਾ ਮਰ ਜਾਂਦੀ ਹੈ । ਇਹ ਉਹ ਭਾਵਨਾਤਮਕ ਨੇਕੀ ਹੈ ਕਿ ਜੇਕਰ ਸਹੀ ਈਮਾਨ ਹੈ ਤਾਂ ਫਿਰ ਪਾਪ ਦਾ ਸੁਭਾਵ ਮਰ ਜਾਂਦਾ ਹੈ । ਉਸ ਸਮੇਂ ਇਕ ਨਵਾਂ ਜੀਵਨ ਅਰੰਭ ਹੋ ਜਾਂਦਾ ਹੈ ਅਤੇ ਉਹ ਰੂਹਾਨੀ (ਆਤਮਕ) ਜੀਵਨ ਹੁੰਦਾ ਹੈ । ਜਾਂ ਇਹ ਕਹੋ ਕਿ ਆਕਾਸ਼ੀ ਪੈਦਾਇਸ਼ ਦਾ ਉਹ ਪਹਿਲਾਂ ਦਿਨ ਹੁੰਦਾ ਹੈ । ਜੱਦ ਸ਼ੈਤਾਨੀ ਜੀਵਨ ਉਪੱਰ ਮੌਤ ਛਾ ਜਾਂਦੀ ਹੈ ਅਤੇ ਰੂਹਾਨੀ ਜੀਵਨ ਦਾ ਬਚੱਾ ਜਨਮ ਲੈਂਦਾ ਹੈ ਫਿਰ ਇਹੋ ਉਹ ਸਮਾਂ ਹੁੰਦਾ ਹੈ ਜੱਦ ਮਨੁੱਖ ਫਿਰ ਰੱਬ ਦਾ ਹੁੰਦਾ ਹੈ ।

ਪਾਪ ਦੋ ਸਨ ਇਕ ਆਦਮ ਨੇ ਕੀਤਾ ਇਕ ਸ਼ੈਤਾਨ ਨੇ ਪਰ ਆਦਮ ਵਿੱਚ ਹੰਕਾਰ ਹਨੀਂ ਸੀ ਇਸ ਲਈ ਉਸ ਨੇ ਰੱਬ ਦੀ ਹਜ਼ੂਰੀ ਵਿੱਚ ਆਪਣੇ ਪਾਪ ਦਾ ਇਕਰਾਰ ਕੀਤਾ ਅਤੇ ਉਸ ਦਾ ਪਾਪ ਬਖ਼ਸ਼ਿਆ ਗਿਆ । ਇਸੇ ਲਈ ਮਨੁੱਖ ਲਈ ਤੋਬਾ (ਪਸ਼ਚਾਤਾਪ) ਦੇ ਨਾਲ ਪਾਪਾਂ ਦੀ ਬਖ਼ਸ਼ੇ ਜਾਣ ਦੀ ਆਸ਼ਾ ਹੈ । ਪਾਪਾਂ ਦਾ ਹੰਕਾਰ ਨ ਹੋਵੇ ਇਕਰਾਰ ਹੋਵੇ ਤੋਬਾ ਕਰੇ ਰੱਬ ਤੋਂ ਖਿਮਾ ਯਾਚਨਾ ਕਰੇ ਤਾਂ ਬਖ਼ਸ਼ਿਆ ਜਾਂਦਾ ਹੈ ਅਤੇ ਇਹ ਆਸ ਕੀਤੀ ਜਾਂਦੀ ਹੈ ਕਿ ਰੱਬ ਬਖ਼ਸ਼ ਦੇਵੇਗਾ । ਪਰ ਸ਼ੈਤਾਨ ਨੇ ਹੰਕਾਰ ਕੀਤਾ ਅਤੇ ਧਿਰਕਾਰਿਆ ਗਿਆ । ਫਰਮਾਇਆ ਕਿ ਹੰਕਾਰੀ ਮਨੁੱਖ ਭਾਵੇਂ ਆਪਣੇ ਇਸ ਚੀਜ ਦੇ ਦਾਅਵੇ ਲਈ ਤਿਆਰ ਹੋ ਜਾਂਦਾ ਹੈ ਜੋ ਉਸ ਕੋਲ ਦਹੀਂ ਹੈ । ਵੱਡਿਆਈ ਰੱਬ ਲਈ ਹੈ । ਜੋ ਲੋਕ ਹੰਕਾਰ ਨਹੀਂ ਕਰਦੇ ਅਤੇ ਆਜਜ਼ੀ ਨਾਲ ਕੰਮ ਲੈਂਦੇ ਹਨ, ਉਹ ਨਸ਼ਟ ਨਹੀਂ ਹੁੰਦੇ, ਸੋ, ਹੰਕਾਰ ਤੋਂ ਬਚੋ ।

ਇਹ ਉਹ ਵਿਸ਼ੇਸ਼ਤਾਈਆਂ ਹਨ ਜੋ ਇਕ ਮੋਮਿਨ ਵਿੱਚ ਹੋਣੀਆਂ ਚਾਹੀਦੀਆਂ ਹਨ ਨਹੀ ਤਾਂ ਸ਼ੈਤਾਨ ਦੇ ਪੈਰ੍ਹਾਂ ਪਿੱਛੇ ਚਲੱਣ ਵਾਲਾ ਹੈ । ਹੰਕਾਰ ਨੂੰ ਕਈ ਵਾਰ ਮਨੁੱਖ ਅਨੁਭਵ ਨਹੀਂ ਕਰਦਾ । ਇਸ ਲਈ ਬਹੁਤ ਹੀ ਬਰੀਕੀ ਨਾਲ ਸਾਨੂੰ ਜਾਇਜ਼ਾ ਲੈਂਣਾ ਚਾਹੀਦਾ ਹੈ । ਸ਼ੈਤਾਨ ਕਿਵੇਂ ਕਿਵੇਂ ਮਨੁੱਖ ਨੂੰ ਆਪਣੇ ਕਾਬੂ ਵਿੱਚ ਕਰਨ ਦੇ ਹੀਲੇ ਕਰਦਾ ਹੈ ਇਸ ਬਾਰੇ ਇਸ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੋਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜੇਕਰ ਮਨੁੱਖ ਦੇ ਕਰਮਾ ਕਰਕੇ ਪਾਪ ਦੂਰ ਹੋ ਜਾਣ ਅਰਥਾਤ ਮਨੁੱਖ ਕੋਈ ਅਜਿਹਾ ਕੰਮ ਨ ਕਰੇ ਜੋ ਪਾਪ ਵਾਲਾ ਹੈ । ਉਸ ਦਾ ਕੋਈ ਕੰਮ ਅਜਿਹਾ ਨ ਹੋਵੇ ਜਿਸ ਨੂੰ ਕਿਹਾ ਜਾਵੇ ਕਿ ਇਹ ਪਾਪ ਹੈ ਤਾਂ ਸ਼ੈਤਾਨ ਚਾਹੁੰਦਾ ਹੈ, ਕੀ ਚਾਹੁੰਦਾ ਹੈ ਸ਼ਹਤਾਨ ਕਿ ਅੱਖ, ਕੰਨ ਤੇ ਨੱਕ ਤੱਕ ਹੀ ਰਹੇ । ਜੇਕਰ ਜ਼ਾਹਿਰੀ ਤੌਰ'ਤੇ ਕੋਈ ਕਰਮ ਪਾਪ ਕਰਨ ਵਾਲਾ ਨਹੀਂ ਤਾਂ ਵੀ ਸ਼ੈਤਾਨ ਦੀ ਇਹ ਇਛੱਾ ਹੁੰਦੀ ਹੈ ਮਨੁੱਖ ਦੀ ਅੱਖ ਵਿੱਚ ਬੈਠਾ ਰਹੇ, ਕੰਨ ਵਿੱਚ ਬੈਠਾ ਰਹੇ ਜਾਂ ਨੱਕ ਵਿੱਚ ਬੈਠਾ ਰਹੇ । ਫ਼ਰਮਾਇਆ ਜੱਦ ਉਸ ਨੂੰ ਓਥੇ ਵੀ ਕਾਬੂ ਨਹੀਂ ਮਿਲਦਾ ਤਾਂ ਫਿਰ ਉਹ ਏਥੋਂ ਤੱਕ ਜਤਨ ਕਰਦਾ ਹੈ ਕਿ ਹੋਰ ਨਹੀਂ ਤਾਂ ਮਨ ਵਿੱਚ ਹੀ ਬਣਿਆ ਰਹੇ । ਕਈਆਂ ਦੀਆਂ ਅਵਸਥਾਵਾਂ ਕਰਕੇ ਮੌਕਾ ਹੀ ਨਹੀਂ ਮਿਲਦਾ ਜਾਂ ਅਜਿਹਾ ਸਬਬ ਹੀ ਨਹੀਂ ਬਣਦਾ ਕਿ ਪਾਪ ਕਰਨ ਜਾਂ ਕਿਸੇ ਖ਼ੌਫ਼ ਕਰਕੇ ਕਰਦੇ ਹੀ ਨਹੀਂ । ਜ਼ਾਹਿਰੀ ਤੌਰ'ਤੇ ਕਰਮ ਰੂਪੀ ਕੋਈ ਪਾਪ ਨਹੀਂ ਪਰ ਸ਼ੈਤਾਨ ਫਿਰ ਵੀ ਜਤਨ ਵਿੱਚ ਲਗੱਾ ਰਹਿੰਦਾ ਹੈ ਕਿ ਜੇਕਰ ਰੱਬ ਨਾਲ ਸੰਬੰਧ ਨਹੀਂ ਹੈ ਤਾਂ ਕਿਸੇ ਨ ਕਿਸੇ ਢੰਗ ਰਾਹੀਂ ਉਸ ਦੇ ਅੰਦਰ ਪਾਪ ਦਾ ਬੀਜ ਰੱਖੇ ਅਤੇ ਉਸ ਦੇ ਮਨ ਵਿੱਚ ਬਹਿ ਜਾਵੇ । ਪਰ ਜਿਸ ਦਿਲ ਵਿੱਚ ਰੱਬ ਦਾ ਖ਼ੌਫ਼ ਹੈ ਓਥੇ ਸ਼ੈਤਾਨ ਰਾਜ ਨਹੀਂ ਕਰ ਸਕਦਾ ।

ਸੋ ਅਸਲ ਚੀਜ਼ ਇਹੋ ਹੈ ਕਿ ਰੱਬ ਦਾ ਖ਼ੌਫ਼ ਮਨੁੱਖ ਦੇ ਦਿਲ ਵਿੱਚ ਰਹੇ । ਰੱਬ ਦਾ ਖ਼ੌਫ਼ ਹੋਵੇਗਾ ਤਾਂ ਮਨੁੱਖ ਬਹੁਤ ਸਾਰੀਆਂ ਬੁਰਾਈਆਂ ਤੋਂ ਬੱਚ ਰਹੇਗਾ । ਇਕ ਚੋਰ ਵੀ ਚੋਰੀ ਕਰਦਾ ਹੈ । ਜੇਕਰ ਉਸ ਨੂੰ ਪਤਾ ਲੱਗ ਜਾਵੇ ਕਿ ਉਸ ਨੂੰ ਕੋਈ ਬੱਚਾ ਵੀ ਦੇਖ ਰਿਹਾ ਹੈ ਤਾਂ ਉਸ ਬੱਚੇ ਦਾ ਖੌਫ਼ ਹੁੰਦਾ ਹੈ ਉਸਨੂੰ । ਸੋ, ਜੱਦ ਤੱਕ ਸਾਡੇ ਦਿਲਾਂ ਵਿੱਚ ਨਹੀਂ ਹੋਵੇਗਾ ਕਿ ਸਾਨੂੰ ਕੋਈ ਕਰਮ ਕਰਦਿਆਂ ਹੋਇਆਂ ਜਾਂ ਹਰ ਸਮੇਂ ਇਹ ਸੋਚ ਵਿੱਚ ਨਹੀਂ ਰੱਖਾਂਗਾ ਕਿ ਰੱਬ ਸਾਡੇ ਹਰ ਕਰਮ ਨੂੰ ਦੇਖ ਰਿਹਾ ਹੈ ਤਾਂ ਉਸ ਸਮੇਂ ਤੱਕ ਪਾਪਾਂ ਤੋਂ ਨਹੀਂ ਬੱਚ ਸਕਦਾ । ਮਨੁੱਖ ਦੇ ਨਾਲ ਦੋ ਸ਼ਕਤੀਆ ਹਨ ਜੋ ਹਮੇਸ਼ਾ ਉਸ ਨਾਲ ਲੱਗੀਆਂ ਰਹਿੰਦੀਆਂ ਹਨ ਇਕ ਫ਼ਰਿਸ਼ਤੇ ਦੂਜਾ ਸ਼ੈਤਾਨ । ਸੰਭਵਤਾ ਉਸ ਦੀਆਂ ਲਤੱਾਂ ਵਿੱਚ ਦੋ ਰੱਸੇ ਪਏ ਹੋਏ ਹਨ । ਫ਼ਰਿਸ਼ਤਾ ਨੇਕੀ ਵਿੱਚ ਪ੍ਰੇਰਨਾ ਤੇ ਸਹਾਇਤਾ ਦਿੰਦਾ ਹੈ ਜਿਵੇਂ ਕਿ ਕੁਰਆਨ ਕਰੀਮ ਵਿੱਚ ਆਇਆ ਹੈ ਐਦੀਹਿਮ ਬਿਰੂਹਿ ਮਿਨਹੁ (ایدھم بروح منه) ਅਰਥਾਤ ਆਪਣਾ ਕਲਾਮ ਭੇਜ ਕੇ ਉਹਨਾਂ ਦੀ ਮਦਦ ਕੀਤੀ ਅਤੇ ਸ਼ੈਤਾਨ ਬਦੀ ਦੀ ਪ੍ਰੇਰਨਾ ਕਰਦਾ ਹੈ ਜਿਵੇਂ ਕਿ ਕੁਰਆਨ ਕਰੀਮ ਵਿੱਚ ਆਇਆ ਹੈ ਕਿ ਯੂਸਸ (یوسوس) ਇਹਨਾਂ ਦੋਹਾਂ ਦਾ ਇਨਕਾਰ ਨਹੀਂ ਕੀਤਾ ਜਾ ਸਕਦਾ । ਅੰਦਕਾਰ ਤੇ ਨੂਰ ਦੋਵੇਂ ਨਾਲ ਨਾਲ ਲੱਗੇ ਹੋਏ ਹਨ । ਫਿਰ ਇਸ ਗੱਲ ਦੀ ਵਿਆਖਿਆ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਸ਼ੈਤਾਨ ਕਿਵੇਂ ਭਰਮ ਪਾਉਂਦਾ ਹੈ ਇਕ ਤਾਂ ਪਹਿਲਾਂ ਉਧਾਰਣ ਦੇ ਦਿੱਤੀ ਅਤੇ ਉਸ ਭਰਮ ਤੋਂ ਕਿਵੇਂ ਬਚਣਾ ਹੈ ਕਿ ਇਹ ਅਮੀਰ ਲੋਕ ਸਾਡੀ ਲੋੜ ਪੂਰੀ ਕਰਨ ਵਾਲੇ ਹਨ ਜਾਂ ਰੱਬ ਤੋਂ ਬਿਨਾ ਕੋਈ ਹੋਰ ਹਸਤੀ ਵੀ ਹੈ ਜੋ ਸਾਡੀਆਂ ਲੋੜਾਂ ਨੂੰ ਪੂਰਾ ਕਰ ਸਕਦੀ ਹੈ । ਆਪ ਫ਼ਰਮਾਉਂਦੇ ਹਨ ਕਿ ਇਸ ਦੇ ਲਈ ਵਾਸਤਵਿਕ ਰੱਬ ਦੀ

ਪਨਾਹ ਚਾਹੁਣ ਲਈ ਫ਼ਰਮਾਇਆ ਕਿ ਇਸ ਬਾਰੇ ਰੱਬ ਨੇ ਇਹ ਫ਼ਰਮਾਇਆ ਹੈ ਕਿ ਦੁਆ ਕਰੋ ਕਿ ਮੈਂ, ਵਾਸਤਵਿਕ ਰਬ (رب الناس) ਜੋ ਹੈ ਉਸ ਦੀ ਪਨਾਹ ਵਿੱਚ ਰਹਾਂ । ਫਿਰ ਸੰਸਾਰਕ ਬਾਦਸ਼ਾਹਾਂ ਅਤੇ ਹਾਕਮਾ ਨੂੰ ਮਨੁੱਖ ਮੁਖ਼ਤਾਰ ਤੇ ਪੂਰਨ ਕਹਿਣ ਲੱਗ ਜਾਂਦਾ ਹੈ । ਇਸ'ਤੇ ਫ਼ਰਮਾਇਆ ਕਿ ਮਾਲਿਕਿਨੱਾਸਿ (مالك الناس) (ਲੋਕਾਂ ਦਾ ਮਾਲਕ) ਰੱਬ ਹੀ ਹੈ । ਫਿਰ ਲੋਕਾਂ ਦੇ ਭਰਮਾ ਦਾ ਇਹ ਸਿਟੱਾ ਹੁੰਦਾ ਹੈ ਕਿ ਮਖ਼ਲੂਕ ਨੂੰ ਰੱਬ ਦੇ ਬਰਾਬਰ ਮੰਨ੍ਣ ਲੱਗ ਜਾਂਦੇ ਹਨ ਅਤੇ ਉਹਨਾਂ ਤੋਂ ਖ਼ੌਫ਼ ਤੇ ਆਸ਼ਾ ਰਖੱਦੇ ਹਨ । ਇਸ ਬਾਰੇ ਫ਼ਰਮਾਇਆ ਇਲਾਹਿਨੱਾਸਿ (اله الناس) ਤੁਹਾਡਾ ਪਰਮੇਸਰ ਰੱਬ ਹੀ ਹੈ । ਇਹ ਤਿੰਨ ਭਰਮ ਹਨ ਇਹਨਾਂ ਨੂੰ ਦੂਰ ਕਰਨ ਲਈ ਇਹ ਤਿੰਨ ਤਵੀਤ (ਕਰਾਮਾਤ) ਹਨ ਜੋ ਸੂਰਤੁਨੱਾਸਿ ਵਿੱਚ ਵਰਨਣ ਕੀਤੇ ਗਏ ਹਨ ਅਤੇ ਇਹਨਾ ਭਰਮਾਂ ਨੂੰ ਪਾਉਣ ਵਾਲਾ ਉਹੋ ਮਰਦੂਦ ਹੈ ਅਰਥਾਤ ਸ਼ੈਤਾਨ ਹੈ ।

ਫਿਰ ਇਕ ਮੌਕੇ'ਤੇ ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਕਿ ਹਰ ਅਵਸਥਾ ਵਿੱਚ ਧਰਮ ਨੂੰ ਦੁਨੀਆਂ'ਤੇ ਪਹਿਲ ਦੇਣੀ ਹੈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਦੇਖੋ ਦੋ ਪ੍ਰਕਾਰ ਦੇ ਲੋਕ ਹੁੰਦੇ ਹਨ ਇਕ ਉਹ ਜੋ ਇਸਲਾਮ ਕੁਬੂਲ ਕਰਕੇ ਦੁਨੀਆ ਦੇ ਕਾਰੋਬਾਰਾਂ ਤੇ ਵਪਾਰਾਂ ਵਿੱਚ ਲੀਨ ਹੋ ਜਾਂਦੇ ਹਨ । ਸ਼ੈਤਾਨ ਉਹਨਾਂ ਦੇ ਸਿਰ ਉਪੱਰ ਸਵਾਰ ਹੋ ਜਾਂਦਾ ਹੈ । ਮੇਰਾ ਇਹ ਅਰਥ ਨਹੀਂ ਕਿ ਵਪਾਰ ਕਰਨਾ ਮਨਾ ਹੈ । ਨਹੀਂ, ਸਹਾਬਾ ਵੀ ਵਪਾਰ ਕਰਦੇ ਸਨ, ਪਰ ਉਹ ਧਰਮ ਨੂੰ ਦੁਨੀਆ ਉਪੱਰ ਪਹਿਲ ਦਿੰਦੇ ਸਨ । ਉਹਨਾਂ ਨੇ ਇਸਲਾਮ ਪਰਵਾਨ ਕੀਤਾ ਤਾਂ ਇਸਲਾਮ ਬਾਰੇ ਸਚੱਾ ਗਿਆਨ ਜੋ ਵਿਸ਼ਵਾਸ ਨਾਲ ਉਹਨਾਂ ਦੇ ਦਿਲਾਂ ਨੂੰ ਭਰ ਦੇਵੇ ਉਹਨਾਂ ਨੇ ਹਾਸਲ ਕੀਤਾ । ਇਹੋ ਕਾਰਣ ਸੀ ਕਿ ਉਹ ਕਿਸੇ ਖੇਤਰ ਵਿਚ ਸ਼ੈਤਾਨ ਦੇ ਹਮਲੇ ਤੋਂ ਡਗਮਗਾਏ ਨਹੀਂ । ਕੋਈ ਕੰਮ ਉਹਨਾਂ ਨੂੰ ਸਚੱਾਈ ਦੇ ਪ੍ਰਗਟਾਵੇ ਤੋਂ ਉਹਨਾਂ ਨੂੰ ਰੋਕ ਨਹੀਂ ਸਕਿਆ ।

ਸੋ, ਸਾਨੂੰ ਅਜਿਹਾ ਵਪਾਰ ਕਰਨਾ ਚਾਹੀਦਾ ਹੈ, ਉਹਨਾਂ ਮਾਰਗਾਂ ਉਪੱਰ ਚਲੱਣ ਦਾ ਜਤਨ ਕਰਨਾ ਚਾਹੀਦਾ ਹੈ ਜਿੰਨ੍ਹਾ ਵੱਲ ਸਮੇਂ ਦਾ ਇਮਾਮ ਅਤੇ ਰੱਬ ਦੇ ਭੇਜੇ ਹੋਏ ਅਤੇ ਮਸੀਹ ਮੌਊਦ ਤੇ ਮਹਦੀ ਮਾਹੂਦ ਸਾਨੂੰ ਬੁਲਾ ਰਹੇ ਹਨ ਤਾਂ ਜੋ ਸ਼ੈਤਾਨ ਦੇ ਪੈਰ੍ਹਾਂ ਪਿੱਛੇ ਚਲੱਣ ਤੋਂ ਅਸੀਂ ਬੱਚ ਸਕੀਏ ਅਤੇ ਰੱਬ ਦੀ ਰਜ਼ਾ ਹਾਸਲ ਕਰਦਿਆਂ ਹੋਇਆਂ ਕਸ਼ਟਾਂ ਭਰਪੂਰ ਅਜ਼ਾਬ ਤੋਂ ਬੱਚੀਏ ।

ਫਿਰ ਇਸ ਵੱਲ ਧਿਆਨ ਦੁਆਉਂਦਿਆਂ ਹੋਇਆਂ ਕਿ ਗੁਪਤ ਪਾਪਾਂ ਤੋਂ ਬਚੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜੱਦ ਕੋਈ ਮੁਸੀਬਤ ਵਿੱਚ ਗ੍ਰਿਸਿਆ ਜਾਂਦਾ ਹੈ ਤਾਂ ਕਸੂਰ ਅਖੀਰ ਬੰਦੇ ਦਾ ਹੀ ਹੁੰਦਾ ਹੈ ਇਹ ਔਕੁੜਾਂ ਵਿੱਚ ਫਸੇ ਹੋਣ ਦੇ ਬਾਦ ਇਹ ਕਹਿਣਾ ਪੈਂਦਾ ਹੈ ਕਿ ਮੁਸੀਬਤ ਰੱਬ ਵੱਲੋਂ ਆ ਗਈ । ਨਹੀਂ, ਕਸੂਰ ਬੰਦੇ ਦਾ ਹੁੰਦਾ ਹੈ ਰੱਬ ਦਾ ਤਾਂ ਕਸੂਰ ਨਹੀਂ ਹੈ । ਕਈ ਲੋਕ ਦੇਖਣ ਨੂੰ ਤਾਂ ਬਹੁਤ ਨੇਕ ਹੁੰਦੇ ਹਨ ਅਤੇ ਮਨੁੱਖ ਹੈਰਾਨੀ ਕਰਦਾ ਹੈ ਕਿ ਇਸ'ਤੇ ਕੋਈ ਕਸ਼ਟ ਕਿਉਂ ਆਇਆ ਕਿਸੇ ਨੇਕੀ ਦੀ ਪ੍ਰਾਪਤੀ ਤੋਂ ਇਹ ਕਿਉਂ ਵਾਂਜਿਆਂ ਰਿਹਾ, ਪਰ ਵਾਸਤਵ ਵਿੱਚ ਉਸ ਦੇ ਗੁਪਤ ਪਾਪ ਹੁੰਦੇ ਹਨ ਜਿੰਨ੍ਹਾ ਨੇ ਉਸ ਦੀ ਇਹ ਹਾਲਤ ਏਥੇ ਤੱਕ ਪਹੁੰਚਾਈ ਹੋਈ ਹੁੰਦੀ ਹੈ । ਰੱਬ ਕਿਉਕਿ ਬਹੁਤ ਮੁਆਫ਼ ਕਰਦਾ ਹੈ ਅਤੇ ਦਰਗੁਜ਼ਰ ਕਰਦਾ ਹੈ ਇਸ ਲਈ ਮਨੁੱਖ ਦੇ ਗੁਪਤ ਪਾਪਾਂ ਦਾ ਕਿਸੇ ਨੂੰ ਪਤਾ ਨਹੀਂ ਲਗੱਦਾ ਪਰ ਗੁਪਤ ਪਾਪ ਵਾਸਤਵ ਵਿੱਚ ਪ੍ਰਕਟ ਪਾਪਾਂ ਤੋਂ ਵੀ ਭੈੜੇ ਹੁੰਦੇ ਹਨ । ਪਾਪਾਂ ਦਾ ਹਾਲ ਵੀ ਰੋਗਾਂ ਵਾਂਗ ਹੈ ਅਰਥਾਤ ਵੱਡੇ ਰੋਗ ਹਨ । ਹਰ ਇਕ ਮਨੁੱਖ ਦੇਖ ਲੈਂਦਾ ਹੈ ਪ੍ਰਕਟ ਰੋਗ ਕਿ ਫਲਾਣਾ ਬਿਮਾਰ ਹੈ ਪਰ ਕੁਝ ਅਜਿਹੇ ਰੋਗ ਹਨ ਜੋ ਕਿਸੇ ਸਮੇਂ ਰੋਗੀ ਨੂੰ ਵੀ ਪਤਾ ਨਹੀਂ ਹੁੰਦੇ ਕਿ ਮੈਨੂੰ ਕੋਈ ਖ਼ਤਰਾ ਹੈ । ਅਜਿਹਾ ਹੀ ਟੀ.ਬੀ. ਹੈ ਅਰੰਭ ਵਿੱਚ ਇਸ ਦਾ ਕਿਸੇ ਡਾਕਟਰ ਨੂੰ ਕਈ ਵਾਰ ਪਤਾ ਨਹੀਂ ਲਗੱਦਾ ਏਥੋਂ ਤੱਕ ਕਿ ਰੋਗ ਖਤਰਨਾਕ ਅਵਸਥਾ ਧਾਰਨ ਕਰ ਲੈਂਦਾ ਹੈ । ਕਈ ਵਾਰ ਇਹ ਹੁੰਦਾ ਹੈ ਕਿ ਅਖੀਰੀ ਸਟੇਜ ਉਪੱਰ ਜਾਕੇ ਪਤਾ ਲਗੱਦਾ ਹੈ । ਕਈ ਵਾਰ ਕੈਂਸਰ ਦੇ ਰੋਗੀ ਹਨ ਚੰਗਾ ਭਲਾ ਵੇਖਣ ਨੂੰ ਚੰਗੀ ਸਿਹਤ ਵਾਲਾ ਵਿਅਕਤੀ ਲਗ ਰਿਹਾ ਹੁੰਦਾ ਹੈ ਅਤੇ ਇਕ ਦਮ ਪਤਾ ਲਗੱਦਾ ਹੈ ਕਿ ਕੈਂਸਰ ਹੈ ਅਤੇ ਅਜਿਹੀ ਸਟੇਜ'ਤੇ ਹੈ ਜਿੱਥੇ ਹੁਣ ਕੋਈ ਇਲਾਜ ਨਹੀਂ ਹੋ ਸਕਦਾ । ਫੈਲ ਚੁਕਿਆ ਹੈ ਅਤੇ ਮਹੀਨੇ ਦੇ ਅੰਦਰ ਅੰਦਰ ਮਨੁੱਖ ਖ਼ਤਮ ਹੋ ਜਾਂਦਾ ਹੈ ।

ਸੋ ਫ਼ਰਮਾਇਆ ਕਿ ਜਿਵੇਂ ਮਨੁੱਖ ਨੂੰ ਰੋਗ ਦਾ ਪਤਾ ਨਹੀਂ ਲਗੱਦਾ ਅਜਿਹਾ ਹੀ ਮਨੁੱਖ ਦੇ ਅੰਦਰ ਪਾਪ ਹਨ ਜੋ ਹੌਲੀ ਹੌਲੀ ਉਸਨੂੰ ਹਲਾਕਤ ਤੱਕ ਪਹੁੰਚਾ ਦਿੰਦੇ ਹਨ । ਰੱਬ ਆਪਣੀ ਮਿਹਰ ਨਾਲ ਰਹਿਮ ਕਰੇ । ਕੁਰਆਨ ਕਰੀਮ ਵਿੱਚ ਆਇਆ ਹੈ ਕਿ 'ਕਦ ਅਫ਼ਲਾਹਾ ਮਨ ਜ਼ਕੱਾਹਾ' (قدافلح من زکھا) ਕਿ ਉਸ ਨੇ ਮੁਕਤੀ ਪਾਈ ਜਿਸ ਨੇ ਆਪਣੇ ਨਫ਼ਸ (ਆਪੇ) ਦਾ ਸ਼ੋਧਨ ਕੀਤਾ ਪਰ ਨਫ਼ਸ ਦਾ ਸ਼ੋਧਨ ਵੀ ਇਕ ਪ੍ਰਕਾਰ ਦੀ ਮੌਤ ਹੈ । ਜੱਦ ਤੱਕ ਮਨੁੱਖ ਸਾਰਿਆਂ ਦੁਰਆਚਰਣਾ ਨੂੰ ਨ ਤਿਆਗੇ ਨਫ਼ਸ ਦਾ ਸੋਧਨ ਕਿਵੇਂ ਪ੍ਰਾਪਤ ਹੋ ਸਕਦਾ ਹੈ । ਜਿੰਨ੍ਹੇ ਵੀ ਬੇਹੂਦਾ ਵਿਅਰਥ ਗੰਦੇ ਘੱਟੀਆ ਆਚਰਣ ਹਨ ਉਹਨਾਂ ਨੂੰ ਜੱਦ ਤੱਕ ਤਿਆਗ ਨਹੀਂ ਕਰੋਗੇ ਜਿੰਨ੍ਹਾ'ਤੇ ਸ਼ੈਤਾਨ ਚਲਾਉਂਣਾ ਚਾਹੁੰਦਾ ਹੈ, ਬੁਰਾਈਆਂ ਤੇ ਇਨਕਾਰ ਉਪੱਰ ਚਲਾਉਂਣ ਚਾਹੁੰਦਾ ਹੈ 'ਮੁਨਕਰ' ਦਾ ਇਹੋ ਅਰਥ ਹੈ ਕਿ ਹਰ ਅਜਿਹੀ ਚੀਜ਼ ਜੋ ਰੱਬ ਨੂੰ ਪਸੰਦ ਨਹੀਂ ਹੈ ਉਹ 'ਮੁਨਕਰ' ਹੈ ਜੱਦ ਤੱਕ ਸਾਰੇ ਭੈੜੇ ਅਖ਼ਲਾਕ (ਆਚਰਣ) ਨੂੰ ਤਿਆਗਿਆ ਨੇ ਜਾਵੇ ਨਫ਼ਸ ਦਾ ਸ਼ੋਧਨ ਹਾਸਲ ਨਹੀਂ ਹੋ ਸਕਦਾ । ਹਰ ਇਕ ਮਨੁੱਖ ਵਿੱਚ ਕਿਸੇ ਨੇ ਕਿਸੇ ਬੁਰਾਈ ਦਾ ਮਾਦਾ ਹੁੰਦਾ ਹੈ ਉਹ ਉਸ ਦਾ ਸ਼ੈਤਾਨ ਹੁੰਦਾ ਹੈ ਜੱਦ ਤੱਕ ਉਸ ਨੂੰ ਨ ਮਾਰਿਆ ਜਾਵੇ ਕੰਮ ਨਹੀਂ ਬਣ ਸਕਦਾ । ਸੋ, ਜਿਵੇਂ ਕਿ ਪਹਿਲਾਂ ਵੀ ਵਰਨਣ ਹੋ ਚੁਕਿਆ ਹੈ ਕਿ ਸਾਨੂੰ ਹਰ ਸਮੇਂ ਰੱਬ ਦੀ ਪਨਾਹ (ਸ਼ਰਣ) ਦੀ ਲੋੜ ਹੈ ਅਤੇ ਆਪਣੇ ਜਾਇਜ਼ੇ ਲੈਂਦੇ ਰਹਿਣ ਦੀ ਲੋੜ ਹੈ । ਸ਼ੈਤਾਨ ਨੂੰ ਮਾਰਨ ਲਈ ਸਾਨੂੰ ਕਿਵੇਂ ਤੇ ਕਿਸ ਪ੍ਰਕਾਰ ਪੈਰ੍ਹ ਪੁਟੱਣੇ ਚਾਹੀਦੇ ਹਨ ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫਰਮਾਉਂਦੇ ਹਨ ਕਿ ਪੈਗੰਬਰ ਬ੍ਰਹਮ ਦੇ ਮਜ਼ਹਰ ਅਤੇ ਰੱਬ ਰੂਪ ਹੁੰਦੇ ਹਨ ਫਿਰ ਸਚੱਾ ਮੁਸਲਮਾਨ ਅਤੇ ਆਸਥਾ ਰਖੱਣ ਵਾਲਾ ਉਹ ਹੁੰਦਾ ਹੈ ਜੋ ਪੈਗੰਬਰਾਂ ਦਾ ਮਜ਼ਹਰ ਬਣੇ । ਸਹਾਬਾ ਕਰਾਮ ਨੇ ਇਸ ਭੇਦ ਨੂੰ ਚੰਗੀ ਤਰ੍ਹਾਂ ਸਮਝ ਲਿਆ ਸੀ ਅਤੇ ਉਹ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੀ ਆਗਿਆਕਾਰੀ ਵਿੱਚ ਅਜਿਹੇ ਗੁੰਮ ਤੇ ਗੁਆਚੇ ਕਿ ਉਹਨਾਂ ਦੇ ਵੁਜੂਦ ਵਿੱਚ ਹੋਰ ਕੁਝ ਬਾਕੀ ਨ ਰਿਹਾ । ਜੋ ਕੋਈ ਉਹਨਾਂ ਨੂੰ ਦੇਖਦਾ ਸੀ ਉਹਨਾਂ ਨੂੰ ਮਗਨਤਾ ਵਿੱਚ ਦੇਖਦਾ ਸੀ । ਡੁੱਬੇ ਹੋਏ ਸਨ ਰੱਬ ਦੀ ਨੇੜਤਾ ਪਾਉਣ ਵਿੱਚ ਅਤੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਦੀ ਜੀਵਨ ਸ਼ੈਲੀ ਨੂੰ ਅਪਨਾਉਣ ਵਿੱਚ । ਸੋ, ਚੇਤੇ ਰੱਖੋ ਕਿ ਇਸ ਜੁੱਗ ਵਿੱਚ ਵੀ ਜੱਦ ਤੱਕ ਉਹ ਮਗਨਤਾ ਅਤੇ ਉਹ ਆਗਿਆਕਾਰੀ ਵਿੱਚ ਗੁੰਮ ਹੋਣਾ ਨਹੀਂ ਹੋਵੇਗਾ ਜੋ ਸਹਾਬਾ ਕਰਾਮ ਵਿੱਚ ਪੈਦਾ ਹੋਈ ਸੀ । ਮੁਰੀਦਾਂ ਤੇ ਆਸਥਾ ਰਖੱਣ ਵਾਲਿਆਂ ਵਿੱਚ ਦਾਖ਼ਲ ਹੋਣ ਦਾ ਦਾਅਵਾ ਤੱਦ ਹੀ ਸਚੱਾ ਤੇ ਉਚਿਤ ਹੋਵੇਗਾ । ਇਹ ਗੱਲ ਚੰਗੀ ਤਰ੍ਹਾਂ ਅਪਣੇ ਮਨਾ ਵਿੱਚ'ਚ ਬਿਠਾ ਲਓ ਕਿ ਜੱਦ ਤੱਕ ਇਹ ਨ ਹੋਵੇ ਕਿ ਰੱਬ ਤੁਹਾਡੇ ਵਿੱਚ ਵੱਸੇ ਅਤੇ ਰੱਬ ਦੇ ਪ੍ਰਭਾਵ ਤੁਹਾਡੇ ਵਿੱਚੋਂ ਪ੍ਰਕਟ ਹੋਣ ਉਸ ਸਮੇਂ ਤੱਕ ਸ਼ੈਤਾਨੀ ਰਾਜ ਦਾ ਅਮਲ ਦਖ਼ਲ ਮੌਜੂਦ ਹੈ ।

ਅਲੱਾਹ ਕਰੇ ਕਿ ਅਸੀਂ ਖ਼ਾਲਸ ਹੋਕੇ ਰੱਬ ਦਾ ਬਣਨ ਦਾ ਜਤਨ ਕਰੀਏ । ਸਾਰੀਆਂ ਬੁਰਾਈਆਂ ਅਤੇ ਮੁਨਕਰ ਤੋਂ ਬਚੀਏ । ਹਰ ਪ੍ਰਕਾਰ ਦੇ ਹੰਕਾਰ ਤੋਂ ਬਚੀਏ । ਆਪਣੇ ਨਫ਼ਸ (ਆਪੇ) ਦਾ ਸ਼ੋਧਨ ਕਰਨ ਦਾ ਜਤਨ ਕਰਦੇ ਰਹਿਣ ਤਾਂ ਜੋ ਰੱਬ ਦੀਆਂ ਮਿਹਰਾਂ ਦੀ ਭਾਗੀ ਬਣੀਏ । ਹਮੇਸ਼ਾ ਸਾਡੀ ਨਜ਼ਰ ਰੱਬ ਉਪੱਰ ਹੀ ਹੋਵੇ ਅਤੇ ਉਹੋ ਸਾਡਾ ਰੱਬ ਰਹੇ ਅਤੇ ਹਮੇਸ਼ਾਂ ਹੀ ਉਸ ਦੀ ਮਾਲਕੀਅਤ ਸਾਡੇ ਦਿਲਾਂ ਉਪੱਰ ਕਬਜ਼ਾ ਜਮਾਈ ਰੱਖੇ, ਉਹੋ ਸਾਡਾ ਪੂਜਨੀਕ ਰਹੇ ਅਤੇ ਉਸ ਨੂੰ ਅਸੀਂ ਹਮੇਸ਼ਾਂ ਪਕੁਾਰਨ ਵਾਲੇ ਬਣੀਏ ਅਤੇ ਸ਼ੈਤਾਨ ਦੇ ਪੈਰ੍ਹਾਂ ਪਿੱਛੇ ਚਲੱਣ ਤੋਂ ਬਚਦੇ ਰਹੀਏ । ਰੱਬ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba 11.03.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131